## ➢ ਬਹੁ-ਚੋਣਵੇ ਪ੍ਰਸ਼ਨ

1.ਕਿਸੇ ਵੈਬਸਾਈਟ ਦੀ ਯੋਜਨਾ ਬਣਾਉਣ ਦੇ ਚਾਰ ਪੜਾਵ ਹਾਂ?

ੳ) ਕਿਸੇ ਸਾਈਟ ਦਾ ਟੀਚਾ

ਅ) ਦਰਸ਼ਕਾ ਲਈ ਡਿਜਾਇੰਗ

ੲ))ਕੰਮ ਰਣਨੀਤੀ ਅਤੇ ਵਿਸ਼ਾ ਵਸਤੂ ਦੇ ਵਿਕਾਸ

ਸ) ਉੱਤੇ ਦਿੱਤੇ ਸਾਰੇ

2.ਟੀਚਾ ਪ੍ਰਾਪਤ ਕਰਨ ਲਈ ਕੰਮ ਕਰਨ ਦੇ ਢੰਗਾ ਨੂੰ ਕੀ ਬੁਲਾਇਆ ਜਾਂਦਾ ਹੈ?

ੳ) ਕੰਮ ਰਣਨੀਤੀ

ਅ) ਯੋਜਨਾ ਦੀ ਰਣਨੀਤੀ

ੲ) ਡਿਜਾਇਨ ਰਣਨੀਤੀ

ਸ) ਓੱਪਰ ਵਾਲਿਆਂ ਚੋ ਕੋਈ ਨਹੀ

3.ਵੈਬ ਸਰਵਰ ਹੋ ਸਕਦਾ ਹੈ

ੳ) ਖਰੀਦੀਆ

ਅ)ਉਧਾਰ ਲਿਆ

ੲ) ਉਪਰੋਕਤ ਦੋਨੋ

ਸ) ਇਹਨਾ ਚੋ ਕੋਈ ਨਹੀ

4.ਵੈਬ ਪੇਜ਼ ਦਾ ਅਕਾਰ ਵੱਧ ਤੋਂ ਵੱਧ ਨਹੀ ਹੋਣਾ ਚਾਹੀਦਾ

ੳ) ਇੱਕ ਸਕਰੀਨ

ਅ) ਦੋ ਸਕਰੀਨ

ੲ) ਤਿੱਨ ਸਕਰੀਨ

ਸ) ਚਾਰ ਸਕਰੀਨ

5.ਵੈਬ ਪੇਜ ਇੱਕ ਵਧੀਆ ਦਿੱਖ ਕਿਸ ਤੇ ਨਿਰਭਰ ਕਰਦੀ ਹੈ

ੳ) ਫੋਂਟ ਦਾ ਅਕਾਰ/ਰੰਗ

ਅ) ਬੈਕਗਰਾਉਂਡ ਰੰਗ

ੲ) ਟੇਬਲ ਅਤੇ ਗ੍ਰਾਫਿਕਸਮ

ਸ) ਉਪਰੋਕਤ ਸਾਰੇ

6.ਕਿਸ ਟੈਸਟਿੰਗ ਲਈ ਇੰਟਰਨੈਂਟ ਕਨੈਕਸ਼ਨ ਦੀ ਲੋੜ ਨਹੀ ਹੈ

ੳ) ਆਫਲਾਈਨ ਟੈਸਟਿੰਗ

ਅ) ਆਨਲਾਈਨ ਟੈਸਟਿੰਗ

ੲ) ਓਪਰੋਕਤ ਦੋਨੋਂ

ਸ) ਇਹਨਾ ਵਿੱਚੋ ਕੋਈ ਨਹੀ

7.ਐਸ.ਈ.ੳ. ਦਾ ਮਤਲਬ ਹੈ

ੳ) ਸਰਚ ਇੰਜਨ ਔਪਟੀਮਾਈਜ਼ੇਸ਼ਨ

ਅ) ਸਿਸਟਮ ਇੰਜਨ ਔਪਟੀਮਾਈਜੇਸ਼ਨ

ੲ) ਸੈਕਰੋਗਨਾਈਜ਼ਡ ਇੰਜਨ ਔਪਟੀਮਾਈਜੇਸ਼ਨ

ਸ) ਉਪਰੋਕਤ ਵਿੱਚੋ ਕੋਈ ਨਹੀ

8.ਐਸ .ਐਮ. ਐਮ ਮਤਲਬ ਹੈ

ੳ) ਸੋਸ਼ਲ ਮੀਡੀਆ ਮਾਰਕੀਂਗਿ

ਅ) ਸਇੰਸ ਮੀਡੀਆ ਮਾਰਕੀਟਿੰਗ

ੲ) ਸਿਸਟਮ ਮੈਕਰੋ ਮੀਡੀਆ

ਸ) ਇਹਨਾ ਵਿੱਚੋ ਕੋਈ ਨਹੀ

9. **FTP** ਦਾ ਮਤਲਬ ਹੈ

ੳ) **FILE TRANSFER PROTOCOL**

ਅ) **FINANCE TRANFER PROTOCOL**

ੲ) **FOLDER TRANFER PROTOCOL**

ਸ਼) ਉਪਰੋਕਤ ਚੋ ਕੋਈ ਨਹੀ

**10. ਇੰਟਰਨੈਂਟ ਦੀ ਵਰਤੋ ਕਰਦੇ ਹੋਏ ਵੈਬਸਾਈਟ ਦੀ ਜਾਂਚ ਕਰਨਾ ਕਿਸ ਨਾਮ ਵੱਜੋ ਜਾਣਿਆ ਜਾਂਦਾ ਹੈ?**

ੳ) **OFFLINE TESTING**

ਅ) **ONLINE TESTING**

ੲ) ਉਪਰੋਕਤ ਦੋਨੋ

ਸ) ਉਪਰੋਕਤ ਚੋ ਕਣੋ ਨਹੀ

## ➢ ਖਾਲੀ ਥਾਵਾ ਭਰੋ

1. ਸਾਈਟ ਦੀ ਯੋਜਨਾ ਬਣਾਉਣ ਸਮੇ ਸਾਈਟ ਦੀ ________ਦਾ ਫੈਸਲਾ ਅੰਤ ਵਿੱਚ ਲਿਆ ਜਾਂਦਾ ਹੈ।

(ਪਬਲੀਸ਼ਿੰਗ)

2. ______ਤੁਹਾਡੀ ਸਾਈਟ ਦਾ ਪਤਾ ਹੈ ।

(ਡੋਮੇਨ ਨੇਮ)

3. ਡੋਮੇਨ ਨਾਮ ਬਾਰੇ ਫੈਸਲਾ ਕਰਨ ਤੋ ਬਾਅਦ ਅਗਲਾ ਕਦਮ ਡੋਮੇਨ ਨਾਮ ਦੀ________ਕਰਨਾ ਹੈ।

(ਰਜਿਸ਼ਟ੍ਰੇਸ਼ਨ)

4. _____ਦੋ ਸਕ੍ਰੀਨਾ ਤੋਂ ਵੱਡਾ ਹੋਣਾ ਚਾਹੀਦਾ ਹੈ।

(ਵੈੱਬ ਪੇਜ)

5. ____ਟੈਸਟਿੰਗ ਇੰਟਰਨੈਟ ਤੋਂ ਬਿਨਾ ਕੀਤੀ ਜਾ ਸਕਦੀ ਹੈ।

ਆਫਲਾਈਨ)

6. ਕਿਸੇ ਵੀ ਵੈਬਸਾਈਟ ਤੋ ਪਹਿਲਾ ਸਫਾ ਨੂੰ_____ਕਿਹਾ ਜਾਂਦਾ ਹੈ

(ਹੋਮ ਪੇਜ)

## ➢ ਸਹੀ/ਗਲਤ ਚੁਣੋ

1. ਹੋਮ ਪੇਜ ਦੇ ਨਾਲ ਹੋਰ ਪੰਨਿਆ ਦਾ ਕੋਈ ਲਿੰਕ ਨਹੀ ਹਹੈ। ਗਲਤ

**2.** ਸਾਈਟ ਦਾ ਪਤਾ ਕਰਨ **.COM, .ORG, .NET** ਅਦਿ ਨਾਲ ਖਤਮ ਹੁੰਦਾ ਹੈ। ਸਹੀ

**3.** ਕਿਸੇ ਸਾਈਟ ਦੇ ਔਫਲਾਈਨ ਟੈਸਟ ਸਿਰਫ ਇੱਕੋ ਬਰਾਉਜਰ ਤੇ ਕਰਨੀ ਚਾਹੀਦੀ ਹੈ। ਗਲਤ

**4.** ਹੋਸਟ ਲਈੋ **WEB PAGES** ਨੂੰ ਭੇਜਣ ਲਈ ,ਸਾਨੂੰ **FTP client** ਦੀ ਲੋੜ ਪੈਦੀ ਹੈ। ਸਹੀ

**5.** ਕਿਸੇ ਸਾਈ ਦੇ ਔਨਲਾਈਨ ਟੈਸਟਿੰਗ ਦੇ ਦੋਰਾਨ ਤੁਹਾਡੇ ਕੰਪਿਉਟਰ ਨੂੰ ਇੰਟਰਨਠੱਟ ਨਾਲ ਜੁੜਿਆ ਹੋਣਾ ਚਾਹਿੰਦਾ ਹੈ ਸਹੀ

## ➢ ਪੂਰੇ ਨਾਮ ਦੱਸੋ

1. **IP :- INTERNET PROTOCOL**
2. **FTP :- FILE TRANSFER PROTOCOL**
3. **URL :-UNIFORM RESOUCE LOCATOR**

## ➢ ਛੋਟੇ ਉੱਤਰਾ ਵਾਲੇ ਪ੍ਰਸ਼ਨ

1. ਤੁਹਾਡੀ ਸਾਈਟ ਦਾ ਪਤਾ ਕਿਹੜਾ ਹੈ?
   ਉੱਤਰ:- ਡੋਮੇਨ ਨੇਮ।

2. ਕੰਪਿਉਟਰ ਦੀ ਵੈਬਸਾਈਟ ਦੀ ਕਾਪੀ ਨੂੰ_______ਵਰਜਨ ਕਿਹਾ ਜਾਂਦਾ ਹੈ।
   ਉੱਤਰ:- ਲੋਕਲ,ਐਕਸਟਰਨਲ ਲਿੰਕ।

3. ਕੋਈ ਕੰਪਨੀ ਸਿੱਧੀ ਫੀਡ ਬੈਕ ਕਿਸ ਤਰ੍ਹਾ ਪ੍ਰਾਪਤ ਕਰ ਸਕਦੀ ਹੈ?
   ਉੱਤਰ:- ਐਸ਼.ਐਮ.ਐਮ।

4. ਵੈਬਸਾਈ ਟ ਤੇ ਸਾਰੀਆਂ ਵੱਖ ਵੱਖ ਚਿਸ਼ੇਸ਼ਤਾਵਾਂ ਦੀ ਜਾਂਚ ਕਰਨ ਲਈ ਕੀ ਜਰੂਰੀ ਹੈ?
   ਉੱਤਰ:- ਟੈਸਟ ਅਤੇ ਵੈਲੀਡੇਟ।

5. ਡਿਜਾਨਿਰ ਡਾਟਾ ਨੂੰ ਨਸ਼ਟ ਹੋਣ ,ਮਾਲਵੇਅਰ ਅਤੇ ਹੋਰ ਨੁਕਸਾਨ ਤੋਂ ਬਚ ਸਕਦਾ ਹੈ?
   ਉੱਤਰ:- ਰੈਗੂਲਰ ਬੈਕ-ਅਪ ਐਤ ਸੁਰੱਖਿਆ ਦੇ ਉਪਾਅ ਕਰ ਕੇ ।

## ➢ ਛੋਟੇ ਉੱਤਰ ਵਾਲੇ ਪ੍ਰਸ਼ਨ

1. ਕਿਸੇ ਸਾਈਟ ਦੇ ਉਦੇਸ਼ ਨੂੰ ਫਿਕਸ ਕਰਨ ਲਈ ਮੱਹਤਰਪੂਰਨ ਨੁਕਤੇ ਦੱਸੋ?
   ਉੱਤਰ: 1. ਸਾਈਟ ਦੇ ਉਦੇਸ ਨੂੰ ਪਰਿਭਾਸ਼ਿਤ ਕਰ ਕੇ.
   2. ਦਰਸ਼ਕਾ ਲਈ ਡਿਜਾਇਨ ਕਰਨਾ
   3. ਯੋਜਨਾ ਦੀ ਰਣਨੀਤੀ
   4. ਵੈੱਬ ਪੇਜਿਜ਼ ਦਾ ਵਿਸ਼ਾ ਵਸ਼ਤੂ ਪਰਿਭਾਸਿਤ ਕਰਨਾ

2. ਵੈਬਸਾਈਟ ਦਰਸ਼ਕ ਲਈ ਤਿਆਰ ਕਰਨ ਦਾ ਕੀ ਮਤਲਬ ਹੈ?ਸੰਖੇਪ ਵਿੱਚ ਲਿਖੋ।
   ਉੱਤਰ:- ਵੈਬਸਾਈਟ ਦਰਸ਼ਕਾ ਲਈ ਤਿਆਰ ਕਰਨ ਦਾ ਮਤਲਬ ਹੈ ਕਿ ਸਾਈਟ ਦਰਸਕਾ ਦੀਆਂ ਹਰ ਤਰ੍ਹਾ ਦੀਆਂ ਲੋੜਾ ਪੂਰੀਆ ਕਰਦੀ ਹੋਵੇ।ਇਸ ਲਈ ਸਾਈਟ ਨੂੰ ਜਾਣਕਾਰੀ ਹਿੱਤ ਭਰੋਸੇਯੋਗ ਅਤੇ ਤਜਰਬੇਕਾਰ ਸੇਵਾ ਪ੍ਰਦਾਨ ਕਰਨ ਵਾਲੀ ਹੋਣਾ ਚਾਹੀਦਾ ਹੈ।

3. ਤੁਸੀ ਆਪਣੀ ਵੈਬਸੀਟ ਦੀ ਕਾਰਜ-ਰਣਨੀਤੀ ਬਾਰੇ ਕਿਸ ਤਰ੍ਹਾ ਫੈਸਲਾ ਕਰੋਗੇ?

ਉੱਤਰ:- ਅਸੀ ਆਪਣੀ ਵੈਬਸਾਈਟ ਦੀ ਕਾਰਜ ਰਣਨੀਤੀ ਦਾ ਫੈਸਲਾ ਆਪਣੇ ਟੀਚੇ ਪ੍ਰਾਪਤ ਕਰਨ ਲਈ ਕੀਤੇ ਗਏ ਕੰਮਾ ਨੂੰ ਕਰਨ ਦੇ ਤਰੀਕੇ ਨੂੰ ਧਿਆਨ ਵਿੱਚ ਰੱਖ ਕੇ ਕਰਾਂਗੇ।

4. ਤੁਹਾਡੀ ਸਾਈਟ ਦੇ ਕੰਨਟੈਂਟ ਕੀ ਹੋਣੇ ਚੀਹੀਦੇ ਹਨ?

ਉੱਤਰ:- ਸਾਡੀ ਸਾਈਟ ਦੇ ਕੰਨਟੈਂਟ ਟੈਕਸਟ,ਵਿਜ਼ੂਅਲ, ਔਰਲ ਹੋ ਸਕਦੇ ਹਨ।ਸਾਈਟ ਦੇ ਕੰਨਟਠੰਟ ਚੰਗੀ ਤਰ੍ਹਾ ਪਰਿਭਾਸਿਤ ਤੇ ਸੰਗਠਿਤ ਹੋਣੇ ਚਾਹੀਦੇ ਹਨ।ਵੈਬਸਾਈਟ ਦੇ ਕੰਨਟੈਂਟ ਦਰਸ਼ਕਾ ਦੀ ਪਹੂੰਚ ਚ ਹੋਣੇ ਚਾਹੀਦੇ ਹਨ।

5. ਢੋਮੇਨ ਨਾਮ ਤੋਂ ਤੁਹਾਡਾ ਕੀ ਮਤਲਬ ਹੈ?

ਉੱਤਰ:-ਡੋਮੇਨ ਨੇਮ ਸਾਈਟ ਦਾ ਪਤਾ ਹੁੰਦਾ ਹੈ ਜਿੱਥੇ ਯੂਜਰ ਤੁਹਾਡੀ ਸਾਈਟ ਨੂੰ ਐਕਸੈਸ ਕਰ ਸਕਦਾ ਹੈ।

6. ਇੱਕ ਡੋਮੇਨ ਨਾਮ ਕਿਵੇਂ ਦਰਜ ਕੀਤਾ ਜਾਂਦਾ ਹੈ?

ਉੱਤਰ:- ਡੋਮੇਨ ਨੇਮ ਸਰਵਿਸ ਪ੍ਰੋਵਾਈ ਡਰ ਦੁਆਰਾ ਦਰਜ ਕੀਤ ਜਾਂਦਾ ਹੈ।ਇਸ ਲਈ ਸਰਵਿਸ ਪ੍ਰੋਵਾਈਡਰ ਤਹਾਨੂੰ ਇੱਕ ਫਾਰਮ ਭਰਨ ਲਈ ਕਹਿੰਦਾ ਹੈ ਤੇ ਇਸ ਲਈ ਤਹਾਨੂੰ ਕੁਝ ਫੀਸ ਵੀ ਭਰਨੀ ਪਵੇਗੀ .ਸਾਰੀ ਕਾਰਵਾਈ ਤੋਂ ਬਾਂਅਦ ਸਰਵਿਸ ਪ੍ਰੋਵਾਈਡਰ ਤੁਹਾਡਾ ਸਾਈਟ ਡੋਮੇਨ ਨੇਮ ਨੂੰ ਵੈਰੀਫਾਈ ਕਰੇਗਾ ਕਿ ਇਹ ਨਾਮ ਪਹਿਲਾ ਰਜਿਟਰਡ ਹੈ ਜਾ ਨਹੀ।

7. ਇੰਟਰਨੈੱਟ ਦੀ ਦੁਨੀਆ ਵਿੱਚ ਸਰਵਰ ਦੀ ਕੀ ਭੂਮੀਕਾ ਹੈ?

ਉੱਤਰ:- ਇੰਟਰਨਠੱਟ ਦੀ ਦੁਨੀਆ ਵਿੱਚ ਸਰਵਰ ਦੀ ਮੁੱਖ ਭੁਮਿਕਾ ਸਾਈਟ ਦੇ ਪੇਜਾ ਨੂੰ ਸਟੋਰ ਕਰਨਾ,ਪ੍ਰੋਸੈਸ ਕਰਨਾ ਅਤੇ ਕਲਾਇੰਟ ਨੂੰ ਸੇਵਾ ਪ੍ਰਦਾਨ ਕਰਨਾ।

8. ਵੈਬ ਪੰਨੇ ਡਿਜਾਇਨ ਕਰਨ ਵੇਲੇ ਕਿਹੜੀਆਂ ਗੱਲਾ ਦਾ ਧਿਆਨ ਰੱਖਣਾ ਚਾਹੀਦਾ ਹੈ?


ਉੱਤਰ:-ਵੈਬ ਪੇਜ ਦਾ ਸਾਈਜ ਦੋ ਸਕਰੀਨਾ ਤੋਂ ਵੱਧ ਨਹੀ ਹੋਣਾ ਚਾਹੀਦਾ ਜੇ ਅਸੀ ਲੰਬਾ ਪੇਜ ਵਰਤ ਰਹੇ ਹਾਂ ਤਾਂ ਹੋਰ ਲਿੰਕਾ ਦੀ ਵਰਤੋ ਬੁੱਕਮਾਰਕ ਦੁਆਰਾ ਕੀਤੀ ਜਾਣੀ ਚਾਹੀਦੀ ਹੈ। ਵੈਬ ਪੇਜ ਹਰੇਕ ਵੀਜੀਟਰ ਦੇ ਚੰਗੀ ਤਰ੍ਹਾ ਸਮਝ ਆਉਣਾ ਚਾਹੀਦਾ ਹੈ।

9. ਕਿਸੇ ਸਾਈਟ ਨੂੰ ਅਪਲੋਡ ਕਰਨ ਦੀ ਪ੍ਰਕਿਰਿਆ ਲਿਖੋ।

ਉੱਤਰ:-
1. ਭਰੋਸੇਯੋਗ ਹੋਸਟ ਕੰਪਨੀ ਦੀ ਚੋਣ ਕਰ।
2. ਵੈਬਸਾਈਟ ਨੂੰ ਅਪਲੋਡ ਕਰਨ ਵਾਲਾ ਢੰਗ ਚੁਣੋ।
3. ਆਪਣੀ ਵੈਬਸਾਈਟ ਨੂੰ ਫਾਈਲ ਮੈਨੇਜਰ ਜਾਂ ਹੋਰ ਸਾਫਟਵੇਅਰ ਦੁਆਰਾ ਅਪਲੋਡ ਕਰੋ।
4. ਵੈਬਸਾਈਟ ਫਾਈਲਜ ਨੂੰ ਮੱਖ ਰੂਟ ਡਾਇਰੈਕਟਰੀ ਵੱਲ ਮੂਵ ਕਰੋ।
5. ਡਾਟਾਬੇਸ ਨੂੰ ਇਪੋਰਟ ਕਰੋ।
6. ਵੈਬਸਾਈਟ ਨੂੰ ਚੈਕ ਕਰੋ ਕਿ ਕੰਮ ਕਰ ਰਹੀ ਹੈ ਜਾਂ ਨਹੀ

10. ਔਫਲਾਈਨ ਟੈਸਟਿੰਗ ਤੋਂ ਤੁਹਾਡਾ ਕੀ ਮਤਲਬ ਹੈ?

ਉੱਤਰ:-ਆਫਲਾਈਨ ਟੈਸਟਿੰਗ ਉਹ ਟੈਸਟਿੰਗ ਹੁੰਦੀ ਹੈ ਜਿਹੜੀ ਬਿਨਾ ਇੰਟਟਨੈਟ ਕੁਨੇਕਸ਼ਨ ਦੇ ਕੀਤੀ ਜਾ ਸਕਦੀ ਹੈ। ਸ਼ੁਰੂਆਤੀ ਵਿਕਾਸ ਤੋ ਲੈ ਕੇ ਆਖਰੀ ਸਟੇਜ ਤੱਕ ਵੈਬ ਸਾਈਟ ਦੀ ਗਲਤੀਆਂ ਨੂੰ ਲਗਾਤਾਰ ਚੈਕ ਕਰਨਾ ਪੈਦਾਂ ਹੈ।



## ➢ ਵੱਡੇ ਉੱਤਰਾ ਵਾਲੇ ਪ੍ਰਸ਼ਨ

### 1. ਕਿਸੇ ਵੈਬਸਾਈਟ ਦੀ ਯੋਜਨਾ ਬਣਾਉਣ ਲਈ ਵੱਖ- ਵੱਖ ਕਦਮ ਲਿਖੋ?

**ਉੱਤਰ:-** ਇੱਕ ਕਾਮਯਾਬ ਵੈਬਸਾਈਟ ਦੀ ਪਲੈਨਿੰਗ ਲਈ ਹੇਠ ਲਿਖੇ ਕਦਮ ਧਿਆਂਨ ਦੇਣ ਯੋਗ ਹਨ।ਇਹ ਹਨ:-

ੳ) ਵੈਬਸਾਈਟ ਦਾ ਉਦੇਸ ਪ੍ਰਭਿਾਸ਼ਿਤ ਕਰਨਾ:-

ਇੱਕ ਉਦੇਸ਼ ਦਾ ਮਤਲਬ ਕੁਝ ਪ੍ਰਾਪਤ ਕਰਨ ਲਈ ਯੋਜਨਾ ਬਣਾਉਣੀ। ਵੈਬਸਾਈਟ ਦਾ ਉਦੇਸ ਬਿਲਕੁਲ ਸਾਫ ਹੋਣਾ ਚਾਹੀਦਾ ਹੈ। ਇਹ ਵਧੀਆ ਗੁਣਕਾਰੀ ਜਾਣਕਾਰੀ ਦੇ ਨਾਲ ਵਧੀਆ ਦਿੱਖ ਵਾਲੀ ਹੋਣੀ ਚਾਹੀਦੀ ਹੈ।ਇਹ ਮੋਜੂਦਾ ਅਤੇ ਸੰਭਾਵੀ ਗ੍ਰਾਹਕਾ ਲਈ ਚੰਗੀ ਖਿੱਚ ਪ੍ਰਦਾਨ ਕਰਦੀ ਹੋਣੀ ਚਾਹੀਦੀ ਹੈ।

ਅ) ਦਰਸ਼ਕਾ ਲਈ ਤਿਆਰ ਕਰਨਾ:-

ਦਰਸ਼ਕ ਦਾ ਮਤਲਬ ਹੈ ਦੇਖਣ ਵਾਲੇ,ਸਾਈਟ ਦੀ ਯੋਜਨਾ ਕਰਦੇ ਸਮੇ ਇਹ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਕਿਸ ਤਰ੍ਹਾ ਦੇ ਦਰਸ਼ਕ ਸਾਈਟ ਤੇ ਵਿਜਿਟ ਕਰਨਗੇ? ਤੇ ਦਰਸ਼ਕਾ ਦੀਆ ਸਾਈਟ ਤੋਂ ਕਿਸ ਤਰ੍ਹਾ ਦੀਆਂ ਉਮੀਦਾ ਹੋਣਗੀਆ?

ੲ) ਕਾਰਜ ਨੀਤੀ ਪਰਿਭਾਸ਼ਿਤ ਕਰਨਾ:-

ਸਾਈਟ ਦੀ ਕਾਰਜ ਨੀਤੀ ਦਾ ਅਰਥ ਹੈ ਸਾਈਟ ਦੇ ਉਦੇਸ਼ਾ ਨੂੰ ਪ੍ਰਾਪਤ ਕਰਨ ਲਈ ਕੀਤੇ ਗਏ ਕੰਮ। ਸਾਈਟ ਦੀ ਕਾਰਜਨੀਤੀ ਵਿੱਚ ਤਿੰਨ ਤਰਾ ਦੇ ਟੀਚੇ ਸ਼ਾਮਿਲ ਹੋਣੇ ਚਾਹੀਦੇ ਹਨ:-

1. ਯੂਜਰਜ਼ ਲਈ 2. ਵਪਾਰ ਲਈ 3. ਤਕਨੀਕੀ ਕਾਮਯਾਬੀ ਲਈ ।

ਸ) **Web-PAGES ਦੇ CONTENTS** ਪਰਿਭਾਸ਼ਿਤ ਕਰਨਾ:-

ਵੈਬ ਦੇ ਕੰਨਟੈਂਟਸ ਟੈਕਸਟ ,ਵਿਜ਼ੂਅਲ ਅਤੇ ਔਰਲ ਹੋ ਸਕਦੇ ਹਨ।ਕੰਨਟੈਂਟਸ ਚੰਗੀ ਤਰ੍ਹਾ ਪ੍ਰਭਿਾਸ਼ਿਤ ਅਤੇ ਸੰਗਠਿਤ ਹੋਣੇ ਚਾਹੀਦੇ ਹਨ।ਇਹ ਵਿਉਵਰਜ ਦੇ ਸਮਝ ਵਿੱਚ ਆਉਣ ਵਾਲੇ ਹੋਣੇ ਚਾਹੀਦੇ ਹਨ ।

### 2. ਕਿਸੇ ਵੱਬਸਾਈਟ ਨੂੰ ਲਾਗੂ ਕਰਨ ਲਈ ਲੋੜੀਂਦੀ ਦ੍ਰਿਸ਼ਾ ਦਾ ਵਰਨਣ ਕਰੋ ।

**ਉੱਤਰ:-** ਸਾਰੀ ਯੋਜਨਾ ਕਰਨ ਤੋਂ ਬਾਅਦ ,ਕੰਨਟੈਂਟ ਅਤੇ ਲਿੰਕਸ ਬਾਰੇ ਫੈਸਲਾ ਕਰਨ ਤੋਂ ਬਾਅਦ ਸਾਨੂੰ ਵੈਬਸਾਈਟ ਲਾਗੂ ਕਰਨ ਦੀ ਲੌੜ ਹੁੰਦੀ ਹੈ।ਹੇਠਾ ਦਿੱਤੇ ਮੁੱਖ ਦਿਸ਼ਾਵਾ ਵੈਬਸਾਈਟ ਨੂੰ ਲਾਗੂ ਕਰਨ ਲਈ ਲੌੜੀਦੀਆ ਹਨ।

ੳ) ਡੋਮੇਨ ਨਾਮ ਦੀ ਚੋਣ ਕਰਨਾ:-

ਡੋਮੇਨ ਨਾਮ ਤੁਹਾਡੀ ਸਾਈਟ ਦਾ ਪਤਾ ਹੁੰਦਾ ਹੈ।ਡੋਮੇਨ ਨਾਮ ਦੀ ਚੋਣ ਕਰਨ ਲਈ ਕੁਝ ਗੱਲਾ ਧਿਆਨ ਚ ਰੱਖਣ ਯੋਗ ਹੁੰਦੀਆਂ ਹਨ,ਡੋਮੇਨ ਨਾਮ ਛੋਟਾ ਰੱਖੋ,ਯਾਦ ਕਰਨ ਵਿੱਚ ਸੌਖਾ ,ਹਾਈਫਨਜ ਨੂੰ ਸ਼ਾਮਿਲ ਨਹੀ ਕਰਨਾ ਚਾਹੀਦਾ, ਲੈਟਰਜ ਦੀ ਗਿਣਤੀ 63 ਤੋਂ ਜਿਆਦਾ ਨਹੀ ਹੋਣੀ ਚਾਹੀਦੀ ਅਤੇ ਤੁਹਾਡੀ ਵੈਬ-ਸਾਈਟ ਦੇ ਕੰਨਟੈਂਟ ਦੇ ਨਾਲ ਅਨੁਕੂਲ ਹੋਣਾ ਚਾਹੀਦਾ ਹੈ।ਕੁਝ ਟਾਪ ਲੈਵਲ ਦੇ ਡੋਮੇਨ ਵਿੱਚ **.com( For Commercial), .edu( For Education), .org( For Organisation), .net(Network) , .co(For company or corporation).**



ਅ) ਡੋਮੇਨ ਨੇਮ ਰਜਿਸਟਰ ਕਰਨਾ:

ਡੋਮੇਨ ਨੇਮ ਦੀ ਚੋਣ ਤੋਂ ਬਾਅਦ ਸਾਈਟ ਨੂੰ ਸਰਵਿਸ ਪ੍ਰੋਵਾਈਡਰ ਦੁਆਰਾ ਰਜਿਸਟਰ ਕੀਤਾ ਜਾਂਦਾ ਹੈ।ਇਸ ਲਈ ਸਰਵਿਸ ਪ੍ਰੋਵਾਈਡਰ ਤਹਾਨੂੰ ਇੱਕ ਫਾਰਮ ਭਰਨ ਲਈ ਕਹਿੰਦਾ ਹੈ ਤੇ ਇਸ ਲਈ ਤਹਾਨੂੰ ਕੁਝ ਫੀਸ ਵੀ ਭਰਨੀ ਪਵੇਗੀ .ਸਾਰੀ ਕਾਰਵਾਈ ਤੋਂ ਬਾਂਅਦ ਸਰਵਿਸ ਪ੍ਰੋਵਾਈਡਰ ਤੁਹਾਡਾ ਸਾਈਟ ਡੋਮੇਨ ਨੇਮ ਨੂੰ ਵੈਰੀਫਾਈ ਕਰੇਗਾ ਕਿ ਇਹ ਨਾਮ ਪਹਿਲਾ ਰਜਿਟਰਡ ਹੈ ਜਾ ਨਹੀ।

ੲ) ਸਰਵਰ ਦੀ ਚੋਣ ਕਰਨਾ:-

ਸਾਈਟ ਨੂੰ ਲਾਗੂ ਕਰਨ ਲਈ ਸਰਵਰ ਦੀ ਚੋਣ ਕਰਨਾ ਬਹੁਤ ਮਹੱਤਵਪੁਰਨ ਭੁਮੀਕਾ ਨਿਭਾਉਦਾਂ ਹੈ। ਡਿਜ਼ਇਨਰ ਸਰਵਰ ਨੂੰ ਕਿਰਾਏ ਤੇ ਜਾਂ ਖਰੀਦ ਸਕਦਾ ਹੈ।

ਸ) ਵੈਬ ਪੇਜ ਦਾ ਪ੍ਰਬੰਧਨ ਕਰਨਾ:-

ਵੈਬ ਪੇਜ ਦਾ ਸਾਈਜ ਦੋ ਸਕਰੀਨਾ ਤੋਂ ਵੱਧ ਨਹੀ ਹੋਣਾ ਚਾਹੀਦਾ ਜੇ ਅਸੀ ਲੰਬਾ ਪੇਜ ਵਰਤ ਰਹੇ ਹਾਂ ਤਾਂ ਹੋਰ ਲਿੰਕਾ ਦੀ ਵਰਤੋ ਬੁੱਕਮਾਰਕ ਦੁਆਰਾ ਕੀਤੀ ਜਾਣੀ ਚਾਹੀਦੀ ਹੈ। ਵੈਬ ਪੇਜ ਹਰੇਕ ਵੀਜੀਟਰ ਦੇ ਚੰਗੀ ਤਰ੍ਹਾ ਸਮਝ ਆਉਣਾ ਚਾਹੀਦਾ ਹੈ।

ਹ) ਦਿੱਖ:- ਵੈਬਸਾਈਟ :-

ਦਿੱਖ ਵਧੀਆ ਹੋਣੀ ਚਾਹੀਦੀ ਹੈਂ ਤਾ ਜੋ ਹਰੇਕ ਇਸ ਨੰ ਪੜਨ ਲਈ ਉਤੇਜਿਤ ਹੋਵੇ।

ਕ) ਕੋਡ ਦੀ ਪੜਤਾਲ:-

_ਕੋਡ ਦੀ ਪੜਤਾਲ ਸਾਫ ਕੋਡ ਲਿਖਣ ਚ ਮਦਦ ਕਰਦੀ ਹੈ .ਕੋਡ ਦੀ ਚੰਗੀ ਤਰ੍ਹਾ ਪੜਤਾਲ ਹੋਣੀ ਚਾਹੀਦੀ ਹੈ।

ਖ) ਆਫ ਲਾਈਨ ਟੈਸਟਿੰਗ:-

ਆਫਲਾਈਨ ਟੈਸਟਿੰਗ ਉਹ ਟੈਸਟਿੰਗ ਹੁੰਦੀ ਹੈ ਜਿਹੜੀ ਬਿਨਾ ਇੰਟਟਨੈਟ ਕੁਨੇਕਸ਼ਨ ਦੇ ਕੀਤੀ ਜਾ ਸਕਦੀ ਹੈ। ਸ਼ੁਰੂਆਤੀ ਵਿਕਾਸ ਤੋ ਲੈ ਕੇ ਆਖਰੀ ਸਟੇਜ ਤੱਕ ਵੈਬ ਸਾਈਟ ਦੀ ਗਲਤੀਆਂ ਨੂੰ ਲਗਾਤਾਰ ਚੈਕ ਕਰਨਾ ਪੈਦਾਂ ਹੈ।


ਗ) ਸਾਈਟ ਨੂੰ ਅਪਲੋਡ ਕਰਨਾ:-

1. ਭਰੋਸੇਯੋਗ ਹੋਸਟ ਕੰਪਨੀ ਦੀ ਚੋਣ ਕਰ।
2. ਵੈਬਸਾਈਟ ਨੂੰ ਅਪਲੋਡ ਕਰਨ ਵਾਲਾ ਢੰਗ ਚੁਣੋ।
3. ਆਪਣੀ ਵੈਬਸਾਈਟ ਨੂੰ ਫਾਈਲ ਮੈਨੇਜਰ ਜਾਂ ਹੋਰ ਸਾਫਟਵੇਅਰ ਦੁਆਰਾ ਅਪਲੋਡ ਕਰੋ।
4. ਵੈਬਸਾਈਟ ਫਾਈਲਜ ਨੂੰ ਮੱਖ ਰੂਟ ਡਾਇਰੈਕਟਰੀ ਵੱਲ ਮੂਵ ਕਰੋ।
5. ਡਾਟਾਬੇਸ ਨੂੰ ਇਪੋਰਟ ਕਰੋ।
6. ਵੈਬਸਾਈਟ ਨੂੰ ਚੈਕ ਕਰੋ ਕਿ ਕੰਮ ਕਰ ਰਹੀ ਹੈ ਜਾਂ ਨਹੀ

## 3) ਔਫਲਾਈਨ ਟੈਸਟਿੰਗ ਅਤ ਔਨਲਾਈਨ ਟੈਸਟਿੰਗ ਵਿਚਕਾਰ ਕੀ ਅੰਤਰ ਹੈ

ਉੱਤਰ:-ਆਫਲਾਈਨ ਟੈਸਟਿੰਗ:- ਉਹ ਟੈਸਟਿੰਗ ਹੁੰਦੀ ਹੈ ਜਿਹੜੀ ਬਿਨਾ ਇੰਟਟਨੈਟ ਕੁਨੇਕਸ਼ਨ ਦੇ ਕੀਤੀ ਜਾ ਸਕਦੀ ਹੈ। ਸ਼ੁਰੂਆਤੀ ਵਿਕਾਸ ਤੋ ਲੈ ਕੇ ਆਖਰੀ ਸਟੇਜ ਤੱਕ ਵੈਬ ਸਾਈਟ ਦੀ ਗਲਤੀਆਂ ਨੂੰ ਲਗਾਤਾਰ ਚੈਕ ਕਰਨਾ ਪੈਦਾਂ ਹੈ। ਤੁਸੀ ਆਪਣੀ ਵੈਬਸਾਈਟ ਨੂੰ ਅਲੱਗ-2 ਬਰਾਉਜਰ ਵਿੱਚ ਟੈਸਟ ਕਰ ਸਕਦੇ ਹਾਂ
ਇਸ ਨਾਲ ਤਹਾਨੂੰ ਯਕੀਨ ਹੋ ਜਾਵੇਗਾ ਕਿ ਤੁਹਾਡੀ ਸਾਈਟ ਚੰਗੀ ਤਰ੍ਹਾ ਚਲਦੀ ਹੈ।

ਆਨਲਾਈਨ ਟੈਸਟਿੰਗ:- ਵੈਬਸਾਈਟ ਨੂੰ ਸਰਵਰ ਤੇ ਅਪਲੋਡ ਕਰਨ ਤੋਂ ਬਾਅਦ ਇਸ ਨੂੰ ਆਨਲਾਈਨ ਟੈਸਟ ਕੀਤਾ ਜਾਂਦਾ ਹੈ। ਆਨ-ਲਾਈਨ ਟੈਸਟਿੰਗ ਲਈ ਇਹ ਯਕੀਨਨ ਬਣਾਇਆ ਜਾਵੇ ਕਿ ਇੰਟਰਨੈਟ ਕੁਨੇਕਸ਼ਨ ਚੰਗੀ ਤਰ੍ਹਾ ਕੰਮ ਕਰ ਰਿਹਾ ਹੈ ਜਾਂ ਨਹੀ। ਇਹ ਟੈਸਟ ਕਰਨ ਲਈ ਸਭ ਤੋਂ ਪਹਿਲਾ ਕੋਈ ਵੀ ਵੈਬ ਬ੍ਰਾਉਜਰ ਖੋਲਿਆਂ ਜਾਵੇ ਫੇਰ ਵੈਬ -ਸਾਈਟ ਦਾ **URL**(ਸਾਈਟ ਦਾ ਪਤਾ) ਟਾਈਪ ਕੀਤਾ ਜਾਵ।ਇਸ ਤੋਂ ਬਾਅਦ ਤੁਹਾਡੀ ਸਾਈਟ ਦਾ **HOME PAGE** ਖੁੱਲ ਜਾਵੇਗਾ ਇਸ ਤੋਂ ਬਾਅਦ ਤੁਸੀ ਇੱਕ ਇੱਕ ਕਰਕੇ ਸਾਰੇ ਲਿੰਕਾ ਨੂੰ ਚੈੱਕ ਕਰ ਸਕਦੇ ਹੋ।ਤੁਸੀ ਆਪਣੀ ਵੈਬਸਾਈਟ ਦੀ ਕਾਰੁਜਗਾਰੀ ਅਲੱਗ ਅਲੱਗ ਬ੍ਰਾਉਜਰ ਵਿੱਚ ਚੈੱਕ ਕਰ ਸਕਦੇ ਹੋ।



ਆਨਲਾਈਨ ਔਫਲਾਈਨ

## 4) ਐਸ. ਈ. ਓ ਕੀ ਹੈ?

**ਉੱਤਰ:-** ਐਸ. ਈ. ਓ. ਦਾ ਪੂਰਾ ਨਾਮ **SEARCH ENGINE OPTIMIZATION.** ਇਹ ਵੈਬਸਾਈਟ ਟ੍ਰੈਫਿਕ ਦੀ ਗੁਣਾਤਮਕ ਅਤੇ ਗਣਨਾਤਮਕ ਸੁਧਾਰ ਕਰਨ ਦੀ ਪ੍ਰਕਿਰਿਆਂ ਹੈ। ਇਹ ਉਹ ਸਿਸਟਮ ਹੈ ਜਿਹੜਾ ਵੈਬਸਾਈਟ ਨੂੰ ਸਰਚ ਇੰਜਨ ਵੱਲ ਲੈ ਕੁ ਜਾਂਦਾ ਹੈ। ਸਧਾਰਨ ਸਬਦਾ ਵਿੱਚ ਅਸੀ ਕਹਿ ਸਕਦੇ ਹੈ ਕਿ ਸਾਈਟ ਨਾਲ ਸਬੰਧਿਤ ਕੋਈ ਵੀ ਸਰਚ ਦੀ ਦਿੱਖ ਨੂੰ ਸੁਧਾਰਨ ਦੀ ਪ੍ਰਕਿਰਿਆ ਹੈ।ਇਸ ਲਈ ਅਸੀ ਕਹਿ ਸਕਦੇ ਹਾਂ ਕਿ ਐਸ. ਈ. ਓ. ਯੂਜਰ ਤੇ ਜਿਆਦਾ ਧਿਆਨ ਦਿੰਦਾ ਹੈ ।ਕਈ ਤਰ੍ਹਾ ਦੇ ਸਰਚ ਇੰਜਨ ਜਿਵੇ **GOOGLE** ਅਤੇ **BING** ਯੂਜਰ ਨੂੰ ਵੈਬਸਾਈਟ ਦੇ ਇੱਕ ਪੇਜ ਤੋਂ ਦਜੇ ਪੇਜ ਤੱਕ ਜਾਣ ਵਿੱਚ ਸਹਾਇਤਾ ਕਰਦੇ ਹਨ। ਐਸ. ਈ. ਓ. ਦੀ ਸਹਾਇਤਾ ਨਾਲ ਤੁਹਾਡੀ ਵੈਬ-ਸਾਈਟ ਸਰਚ ਦੇ ਨਤੀਜੀਆਂ ਵਿੱਚ ਉੱਚ ਰੈਂਕ ਪ੍ਰਾਪਤ ਕਰ ਸਕਦੀ ਹੈ।

ਸੰਖੇਪ ਵਿੱਚ ਅਸੀ ਕੁਹ ਸਕਦੇ ਹਾਂ ਕਿ ਐਸ . ਈ .ਓ ਮਹੱਤਵਪੂਰਨ ਹੈ ਕਿਉਕਿ ਇਹ ਤੁਹਾਡੀ ਵੈਬਸਾਈਟ ਨੂੰ ਜਿਆਦਾ ਵੀਜੀਬਲ ਬਣਾਉਦਾ ਹੈ ਅਤੇ ਇਹ ਵੂਬਸਾਈਟ ਨੂੰ ਬਹੁਤ ਸਾਰੇ ਮੋਕੇ ਦਿੰਦਾ ਹੈ ਤਾਂ ਜੋ ਕੋਈ ਵੀ ਵਿਜੀਟਰ ਇਸ ਦਾ ਕਸਟਮਰ ਬਣ ਸਕੇ।ਹੇਠਾ ਦਿੱਤੀ ਡਾਇਗ੍ਰਾਮ ਐਸ. ਈ.ਓ. ਦੇ ਹੈਰਾਨੀਜਨਕ ਪ੍ਰਭਾਵਾ ਬਾਰੇ ਦਿਖਾ ਰਹੀ ਹੈ।




## 5) ਐਸ.ਐਮ.ਐਮ ਕੀ ਹੈ?

**ਉੱਤਰ:-** ਐਸ. ਐਮ.ਐਮ. ਦਾ ਪੁਰਾ ਨਾਮ **SOCIAL MEDIA MARKETTING** ਹੈ। ਸ਼ੋਸ਼ਲ ਨੈਟਵਰਕ **FACEBOOK, WHATSAPP, TELEGRAM** ਅਤੇ **INSTAGRAM** ਮੁੱਖ ਤੋਰ ਤੇ ਮਾਰਕਟਿੰਗ ਲਈ ਵਰਤੇ ਜਾਂਦੇ ਹਨ।ਇਹ ਕਿਸੇ ਪ੍ਰੋਡਕਟ ਯਾ ਸਰਵਿਸ ਨੂੰ ਸ਼ੋਸ਼ਲ ਮੀਡੀਆ ਰਾਹੀ ਪ੍ਰੋਮੋਟ ਕਰਨ ਦੀ ਪ੍ਰਕੀਰੀਆ ਹੈ।ਐਸ.ਐਮ.ਐਮ ਕਿਸੇ ਕੰਪਨੀ ਨੂੰ ਇਸਦੇ ਗ੍ਰਾਹਕਾ ਤੋਂ ਸਿੱਧੀ ਫੀਡਬੈਕ ਲੈਣ ਵਿੱਚ ਮਦਦ ਕਰਦਾ ਹੈ।ਇਹ ਗ੍ਰਾਹਕਾ ਨੂੰ ਪ੍ਰਸ਼ਨ ਪੁੱਛਣ ਦਾ ਅਤੇ ਮੋਖਿਕ ਰੂਪ ਵਿੱਚ ਸਕਾਇਤ ਕਰਨ ਦਾ ਮੌਕਾ ਵੀ ਦਿੰਦੀ ਹੈ।ਇਸ ਤਰ੍ਹਾ ਗਾਹਕਾ ਨੂੰ ਮਹਿਸੂਸ ਕਰਵਇਆ ਜਾਦਾਂ ਹੈ ਕਿ ਉਹਨਾ ਨੂੰ ਸੁਣਿਆ ਜਾ ਰਿਹਾ ਹੈ।ਹੇਠਾ ਦਿੱਤੇ ਕੁਝ ਖਾਸ ਕਾਰਨਾ ਕਰਕੇ ਲੋਕ **ਐਸ.ਐਮ.ਐਮ** ਦੀ ਵਰਤੋ ਕਰ ਰਹੇ ਹਨ।

1. ਇਸ ਨਾਲ ਤਹਿ ਕੀਤੇ ਬਹੁਤ ਸਾਰੇ **Clients** ਤੌਕ ਪਹੁੰਚਣਾ ਸੌਖਾ ਹੁੰਦਾ ਹੈ।
2. ਇਹ ਕਿਸੇ ਬ੍ਰੇਂਡ ਦੀ ਜਾਣਕਾਰੀ ਵਧਾਉਣ ਵਿੱਚ ਮਦਦ ਕਰਦਾ ਹੈ।
3. ਲੋਕ ਜਿਅਦਾ ਸਮਾ **SOCIAL MEDIA** ਤੇ ਬਤੀਤ ਕਰਦੇ ਹਨ।
4. ਇਸ ਜਾਣਕਾਰੀ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਵੰਡਣ ਦਾ ਸੌਖਾ ਤਰੀਕਾ ਹੈ।
5. ਇਸ ਨਾਲ ਗ੍ਰਾਹਕਾ ਨੂੰ ਬਹੁਤ ਹੀ ਵਧੀਆ ਤਰੀਕੇ ਨਾਲ ਸ਼ਪੇਸ਼ਲ ਔਫਰਜ਼ ਬਾਰੇ ਦੱਸਿਆਂ ਜਾ ਸਕਦਾ ਹੈ।




ਐਸ.ਐਮ.ਐਮ